www.ajdiawaaz.com

info@ajdiawaaz.com
awaaznewsdesk@gmail.com

# ਅੱਜ ਦੀ ਆਵਾਜ਼

ਕੀਮਤ 2 ਰੁਪਏ

• ਜਲੰਧਰ 14 ਜੂਨ, 2010 ਸੋਮਵਾਰ • 32 ਜੇਠ ਨਾਨਕਸ਼ਾਹੀ ਸੰਮਤ 542 • ਸਾਲ 26 • ਅੰਕ ਨੰ. 61 • Postel Regd. No. PB/0007/09-2011









ਮੀਟਰ ਬਕਸੇ ਦੁਕਾਨਦਾਰਾਂ ਲਈ ਮੁਸ਼ਕਿਲ ਬਣੇ 3

ਸੰਪਾਦਕੀ
ਮੁਲਾਜ਼ਮਾਂ ਅਤੇ ਬੇਰੁਜ਼ਗਾਰਾਂ ਦਾ ਅੰਦੋਲਨ 4

ਦੇਸ਼ ਦੁਨੀਆਂ

ਆਰਟ ਆਫ ਲਿਵਿੰਗ ਕੈਂਪ 8


# ਲੜਾਈ ਛੱਡੋ, ਪੈਸੇ ਲਓ-ਬਾਦਲ

## ਅਕਾਲੀ-ਭਾਜਪਾ ਆਗੂ ਨੂੰ ਨਿੱਕੀਆਂ ਨਿੱਕੀਆਂ ਚੌਧਰਾਂ ਦੀ ਖਾਤਰ ਪਾਈਆਂ ਜਾ ਰਹੀਆਂ ਧੜੇਬੰਦੀਆਂ ਨੂੰ ਖ਼ਤਮ ਕਰਨ ਦੀ ਹਿਦਾਇਤ

### ਜਲੰਧਰ ਦੱਖਣੀ ਹਲਕੇ ਨੂੰ ਵਿਕਾਸ ਲਈ 2 ਕਰੋੜ, ਗੁਰੂ ਨਾਨਕ ਕੰਪਿਊਟਰ ਟੈਕਨੀਕਲ ਕਾਲਜ ਨੂੰ 20 ਲੱਖ ਦੇਣ ਦਾ ਐਲਾਨ

ਜਲੰਧਰ, 13 ਜੂਨ (ਇਕਬਾਲ ਸਿੰਘ ਉੱਭੀ/ਮਨਜੀਤ ਸਿੰਘ ਮਨੀ)-ਜਲੰਧਰ ਸਮੇਤ ਪੰਜਾਬ ਦੇ 8 ਕਸਬਿਆਂ ਵਿਚ ਸੀਵਰੇਜ ਅਤੇ ਸੀਵਰੇਜ ਟਰੀਟਮੈਂਟ ਪਲਾਂਟਾਂ ਉਤੇ 465.07 ਕਰੋੜ ਰੁਪਏ ਖਰਚ ਕੀਤੇ ਜਾਣਗੇ ਇਸ ਵਿਚੋਂ 237.16 ਕਰੋੜ ਰੁਪਏ ਜਲੰਧਰ ਸ਼ਹਿਰ ਅਤੇ 227.91 ਕਰੋੜ ਰੁਪਏ ਪੰਜਾਬ ਦੇ ਬਾਕੀ 7 ਕਸਬਿਆਂ ਜਿੰਨਾਂ ਵਿਚ ਹੁਸ਼ਿਆਰਪੁਰ,ਫਗਵਾੜਾ,ਰਾਜਪੁਰਾ,ਪਾਤੜਾ,ਲਹਿਰਾ ਗਾਗਾ, ਡੇਰਾ ਬੱਸੀ ਅਤੇ ਖਨੌੜੀ ਆਦਿ ਕਸਬੇ ਸ਼ਾਮਿਲ ਹਨ। ਇਹ ਜਾਣਕਾਰੀ ਸ੍ਰ.ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਪੰਜਾਬ ਨੇ ਅੱਜ ਇਥੇ ਸਥਾਨਕ ਮਿੱਠੂ ਬਸਤੀ ਵਿਖੇ 34665000 ਰੁਪਏ ਦੇ ਵਿਕਾਸ ਪ੍ਰੋਜੈਕਟਾਂ ਦੇ ਨੀਂਹ ਪੱਥਰ ਰੱਖਣ ਉਪਰੰਤ ਇਕ ਭਾਰੀ ਜਨਤਕ ਇਕੱਠ ਨੂੰ ਸੰਬੋਧਨ ਕਰਦਿਆਂ ਦਿੱਤੀ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਵੀ ਸੂਬੇ ਦੇ ਚਾਰ ਕਸਬਿਆਂ ਫਿਲੌਰ,ਬੰਗਾ,ਫਗਵਾੜਾ ਅਤੇ ਨਵਾਂ ਸ਼ਹਿਰ ਲਈ 56.40 ਕਰੋੜ ਰੁਪਏ ਦੇ ਸੀਵਰੇਜ ਅਤੇ ਟਰੀਟਮੈਂਟ ਪਲਾਟਾਂ ਲਈ ਪ੍ਰਵਾਨਗੀ ਦਿੱਤੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਜਲੰਧਰ ਸ਼ਹਿਰ ਲਈ ਸਪੈਸ਼ਲ ਅਰਬਨ ਰਿਨਿਉਏਵਲ ਪ੍ਰੋਜੈਕਟ ਅਧੀਨ 311 ਕਰੋੜ ਰੁਪਏ ਦਾ ਜਲੰਧਰ ਵਾਸੀਆਂ ਨੂੰ ਪੇਕੈਜ ਦਿੱਤਾ ਗਿਆ ਹੈ (ਬਾਕੀ ਸਫਾ 2 'ਤੇ)


ਆ ਬੀਬਾ ਤੂੰ ਕਰ ਉਦਘਾਟਨ....ਮਿੱਠੂ ਬਸਤੀ ਨੇੜੇ ਇੱਕ ਵਿਕਾਸ ਕਾਰਜ ਦਾ ਕੁਝ ਇਸ ਤਰ੍ਹਾਂ ਮੁੱਖ ਮੰਤਰੀ ਵੱਲੋਂ ਹੋਇਆ ਉਦਘਾਟਨ (ਫੋਟੋ-ਕੁਲਦੀਪ ਸਿੰਘ)



ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਨਵਾਬ ਕਪੂਰ ਸਿੰਘ ਐਵਾਰਡ ਨਾਲ ਸਨਮਾਨਤ ਕਰਦੇ ਹੋਏ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ, ਬਲਜੀਤ ਸਿੰਘ ਨੀਲਾ ਮਹਿਲ, ਕੇ.ਡੀ. ਭੰਡਾਰੀ ਤੇ ਹੋਰ। (ਫੋਟੋ-ਇਕਬਾਲ ਸਿੰਘ ਉੱਭੀ)

## ਬਾਦਲ ਨੂੰ ਮਿਲਣ ਲਈ ਤਰਸੇ ਲੋਕ



ਪੰਜਾਬ ਦੇ ਮੁੱਖ ਮੰਤਰੀ ਵੱਲੋਂ ਪੰਜਾਬ ਵਾਸੀਆਂ ਨੂੰ ਬਹੁਤ ਸਾਰੀਆਂ ਸਹੂਲਤਾਂ ਦੇਣਦੇ ਵੱਡੇ-ਵੱਡੇ ਦਾਅਵੇ ਕੀਤੇ ਜਾਂਦੇ ਹਨ। ਪਰ ਉਹ ਦਾਅਵੇ ਉਦੋਂ ਸੱਖਣੇ ਹੋ ਜਾਂਦੇ ਹਨ ਜਦੋਂ ਸਹੂਲਤਾਂ ਤੋਂ ਵਾਂਝੀ ਜਨਤਾ ਸ਼ਹਿਰ ਵਿੱਚ ਆਏ ਮੁੱਖ ਮੰਤਰੀ ਜੀ ਨੂੰ ਸਹੂਲਤਾਂ ਤੇ ਲਾਭ ਲੈਣ ਲਈ ਮਿਲਣ ਦੀ ਕੋਸ਼ਿਸ਼ ਕਰਦੇ ਹਨ। ਅਜਿਹੇ ਮੌਕੇ ਅਧਿਕਾਰੀਆਂ ਵੱਲੋਂ ਦਿੱਤੇ ਧੱਕੇ ਕਾਰਨ ਕੇਵਲ ਖ਼ੂਨ ਦੇ ਹੰਝੂ ਵਹਾਉਣ ਤੋਂ ਇਲਾਵਾ ਕੁਝ ਨਹੀਂ ਕਰ ਸਕਦੇ। ਅਜਿਹੀ ਹੀ ਇੱਕ ਪ੍ਰਤੱਖ ਉਦਾਹਰਨ ਦੇਖਣ ਨੂੰ ਮਿਲੀ ਜਦੋਂ 70 ਸਾਲਾ ਪ੍ਰੀਤਮ ਸਿੰਘ ਪੁੱਤਰ ਜੈਮਰ ਸਿੰਘ ਵਾਸੀ ਮਿੱਠੂ ਬਸਤੀ ਨੇ ਆਪਣੀ ਪੈਨਸ਼ਨ ਲਗਵਾਉਣ ਸੰਬੰਧੀ ਮੁੱਖ ਸ੍ਰ. ਪ੍ਰਕਾਸ਼ ਸਿੰਘ ਬਾਦਲ ਨੂੰ ਮਿਲਣ ਦੀ ਕੋਸ਼ਿਸ਼ ਕੀਤੀ, ਪਰ ਅਧਿਕਾਰੀਆਂ ਤੇ ਸੁਰੱਖਿਆ ਕਰਮਚਾਰੀਆਂ ਵੱਲੋਂ ਕੇਵਲ ਧੱਕੇ ਮਾਰਨ ਤੇ ਉਸ ਨੂੰ ਕੇਵਲ ਸਬਰ ਦਾ ਘੁੱਟ ਭਰਨਾ ਪਿਆ।

## ਪਵਣੁ ਗੁਰੂ ਪਾਣੀ ਪਿਤਾ...


ਝੋਨਾ ਲਾਉਣ ਦਾ ਸੀਜ਼ਨ ਸ਼ੁਰੂ ਹੁੰਦਿਆਂ ਹੀ ਦੁਆਬੇ ਅਤੇ ਮਾਝੇ ਦੀਆਂ ਨਹਿਰਾਂ ਨੂੰ ਪਾਣੀ ਨਸੀਬ ਹੋਣਾ ਸ਼ੁਰੂ ਹੋ ਗਿਆ ਹੈ। ਖੇਤਾਂ ਦੀ ਪਿਆਸ ਬੁਝਾਉਣ ਦੇ ਨਾਲ ਨਾਲ ਇਹ ਪਾਣੀ ਗਰਮੀ ਦੇ ਸਤਾਏ ਬੱਚਿਆਂ ਅਤੇ ਨੌਜਵਾਨਾਂ ਲਈ ਵੀ ਵੱਡੀ ਰਾਹਤ ਲੈ ਕੇ ਆਇਆ ਹੈ। ਅੰਮ੍ਰਿਤਸਰ ਨੇੜਿਓ ਲੰਘਦੀ ਮਾਝੇ ਦੀ ਨਹਿਰ 'ਚ ਗਰਮੀ ਤੋਂ ਬਚਣ ਲਈ ਨਹਾਉਂਦੇ ਹੋਏ ਬੱਚਿਆਂ ਅਤੇ ਨੌਜਵਾਨਾਂ ਦੇ ਖੁਸ਼ੀ ਭਰੇ ਪਲਾਂ ਨੂੰ ਅੰਮ੍ਰਿਤਸਰ ਤੋਂ ਪ੍ਰੈਸ ਫੋਟੋਗ੍ਰਾਫ਼ਰ ਹਰਜੀਤ ਸਿੰਘ ਨੇ ਕੈਮਰੇ ਵਿੱਚ ਕੈਦ ਕੀਤਾ।

## ਆਰ.ਡੀ.ਐਕਸ., ਹਥਿਆਰਾਂ ਦੀ ਬਰਾਮਦਗੀ ਸਬੰਧੀ ਸੁਰੱਖਿਆ ਬਲਾਂ ਦੇ ਦਾਅਵੇ ਇਕ-ਦੂਜੇ ਦੇ ਉਲਟ

ਚੰਡੀਗੜ੍ਹ, 13 ਜੂਨ (ਹਰੀਸ਼ ਚੰਦਰ ਬਾਗਾਂਵਾਲਾ)-ਪੰਜਾਬ ਵਿੱਚ ਫੜੀ ਜਾ ਰਹੀ ਆਰ.ਡੀ.ਐਕਸ, ਹਥਿਆਰ ਅਤੇ ਹੈਰੋਇਨ ਦੇ ਫੜੇ ਜਾਣ ਦੇ ਮਾਮਲਿਆਂ ਵਿਚ ਸੁਰੱਖਿਆ ਬਲਾਂ ਦੇ ਦਾਅਵੇ ਇੱਕ-ਦੂਜੇ ਦੇ ਉਲਟ ਹਨ। ਹੁਣ ਇਹ ਕਿਸ ਦਾ ਦਾਅਵਾ ਸਹੀ ਮੰਨਿਆ ਜਾਵੇ। ਮਾਮਲਾ ਭੰਬਲਭੂਸੇ ਵਿਚ ਹੈ। ਪੰਜਾਬ ਪੁਲਿਸ ਇਹ ਹਰ ਵਾਰ ਦਾਅਵਾ ਕਰਦੀ ਆ ਰਹੀ ਹੈ ਕਿ ਹਥਿਆਰ ਅਤੇ ਗੋਲਾ ਬਾਰੂਦ ਸੀਮਾ ਤੋਂ ਪਾਰ ਆ ਰਿਹਾ ਹੈ। ਪੰਜਾਬ ਪੁਲਿਸ ਦੇ ਇਸ ਦਾਅਵੇ ਨੂੰ ਬਾਰਡਰ ਸਕਿਊਰਿਟੀ ਫੋਰਸ ਨੇ ਸਿਰੇ ਤੋਂ ਨਕਾਰਿਆ ਹੈ। ਬੀ.ਐਸ.ਐਫ. ਦੇ ਸੀਨੀਅਰ ਅਧਿਕਾਰੀਆਂ ਦਾ ਦਾਅਵਾ ਹੈ ਕਿ ਬਾਰਡਰ 'ਤੇ 24 ਘੰਟੇ ਇੰਨੀ ਸਖ਼ਤੀ ਹੈ ਕਿ ਦਿਨ ਰਾਤ ਗਸ਼ਤ ਹੈ ਕਿ ਸੂਈ ਵੀ ਇਸ ਪਾਰ ਨਹੀਂ ਆ ਸਕਦੀ ਫਿਰ ਪੰਜਾਬ ਵਿਚ ਖਾੜਕੂਆਂ ਤੇ ਸਮਗਲਰਾਂ ਤੋਂ ਫੜਿਆ ਜਾ ਰਿਹਾ ਗੋਲਾ ਬਾਰੂਦ ਕਿਥੋਂ ਆ ਰਿਹਾ ਹੈ। ਇਸ 'ਤੇ ਪੰਜਾਬ ਪੁਲਿਸ ਦੇ ਅਧਿਕਾਰੀ ਅਤੇ ਬਾਰਡਰ ਸਕਿਊਰਿਟੀ ਫੋਰਸ ਦੇ ਅਧਿਕਾਰੀ ਆਪਣੇ ਅਲੱਗ-ਅਲੱਗ ਬਿਆਨਾਂ ਵਿਚ ਦਾਅਵੇ ਕਰਨ ਵਿਚ ਲੱਗੇ ਹੋਏ ਹਨ। ਬੀ.ਐਸ.ਐਫ. ਦੇ ਡੀ.ਆਈ.ਜੀ. ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸੀਮਾ ਪਾਰ ਤੋਂ ਕੋਈ ਹਥਿਆਰ ਜਾਂ ਗੋਲਾ ਬਰੂਦ ਇਸ ਤਰਫ ਨਹੀਂ ਆ ਸਕਦਾ। ਪੰਜਾਬ ਪੁਲਿਸ ਇਹ ਦਾਅਵੇ ਕਿਵੇਂ ਕਰ ਰਹੀ ਹੈ। ਇਸ ਦਾ ਜਵਾਬ ਉਨ੍ਹਾਂ ਦੇ ਪਾਸ ਹੀ ਹੋਵੇਗਾ। ਦੂਸਰੇ ਪਾਸੇ ਪੰਜਾਬ ਪੁਲਿਸ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਸੀਮਾ ਪਾਰ ਤੋਂ ਜੋ ਸਮਗਲਰ ਨਸ਼ੀਲੇ ਪਦਾਰਥ ਪੰਜਾਬ ਭੇਜਣ ਲਈ ਸਮਗਲਰ ਇਸਤੇਮਾਲ ਕਰਦੇ ਹਨ ਹੁਣ ਉਹ ਉਨ੍ਹਾਂ ਦੇ ਹੱਥ ਹਥਿਆਰ ਅਤੇ ਬਰੂਦ ਵੀ ਭੇਜਣ ਲੱਗੇ ਹਨ। ਉਧਰ ਕਾਊਂਟਰ ਇਟੈਲੀਜੈਂਸੀ ਸੈਲ ਦੇ ਏ.ਆਈ.ਜੀ ਮਨਵਿੰਦਰ ਸਿੰਘ ਨੇ ਕਿਹਾ ਕਿ ਫੜੇ ਗਏ ਵਿਅਕਤੀਆਂ ਤੋਂ ਪੁੱਛਗਿੱਛ ਜਾਰੀ ਹੈ। ਫਿਲਹਾਲ ਇਹ ਗੱਲ ਸਾਹਮਣੇ ਆਈ ਹੈ ਕਿ ਸਾਰਾ ਸਮਾਨ ਸੀਮਾ ਪਾਰ ਤੋਂ ਆਇਆ ਹੈ। ਦੋਸ਼ੀਆਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ ਕਿ ਕਿਸ ਰਸਤੇ ਤੋਂ ਸਮਾਨ ਪੰਜਾਬ ਵਿਚ ਪਹੁੰਚਾਇਆ ਜਾ ਰਿਹਾ ਹੈ। ਇਸ ਦੇ ਬਾਅਦ ਹੀ ਬੀ.ਐਸ.ਐਫ. ਦੇ (ਬਾਕੀ ਸਫਾ 2 'ਤੇ)

## ਲੋਕ ਸੰਪਰਕ ਵਿਭਾਗ ਦਾ ਨਵੀਨੀਕਰਨ ਜ਼ੋਰਾਂ 'ਤੇ

### ਗੁਰਦਾਸਪੁਰ ਜ਼ਿਲ੍ਹਾ ਦਫ਼ਤਰ ਨੂੰ ਨਵੀਂ ਏ. ਸੀ. ਗੱਡੀ ਦੀਆਂ ਚਾਬੀਆਂ ਸੌਂਪੀਆਂ

ਗੁਰਦਾਸਪੁਰ 13 ਜੂਨ (ਅ.ਬ.)- ਸੂਚਨਾ ਤੇ ਲੋਕ ਸੰਪਰਕ ਵਿਭਾਗ ਪੰਜਾਬ ਨੂੰ ਆਧੁਨਿਕ ਸਮੇਂ ਦੀਆਂ ਲੋੜਾਂ ਦਾ ਹਾਣੀ ਬਣਾਉਣ ਲਈ ਵਿਭਾਗ ਦਾ ਸਮੁਚ ਤਰ ਤ ਨਵੀਨੀਕਰਨ ਕੀਤਾ ਜਾ ਰਿਹਾ ਹੈ। ਇਹ ਪ੍ਰਗਟਾਵਾਂ ਸ. ਸੇਵਾ ਸਿੰਘ ਸੇਖਵਾਂ ਸੂਚਨਾ ਤੇ ਲੋਕ ਸੰਪਰਕ ਮੰਤਰੀ ਪੰਜਾਬ ਨੇ ਅੱਜ ਗੁਰਦੁਵਾਰਾ ਛੋਟਾ ਘੱਲੂਘਾਰਾ ਸਾਹਿਬ ਕਾਹਨੂੰਵਾਨ ਛੰਬ ਵਿਖੇ ਬੀਬੀ ਸੁਰਿੰਦਰ ਕੌਰ ਬਾਦਲ ਦੀ ਸਿਹਤਯਾਬੀ ਲਈ ਸ੍ਰੀ ਆਖੰਡ ਪਾਠ ਸਾਹਿਬ ਆਰੰਭ ਕਰਨ ਉਪਰੰਤ ਦਫ਼ਤਰ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਗੁਰਦਾਸਪੁਰ ਲਈ ਬਲੈਰੋ ਏ.ਸੀ. ਕਾਰ ਦੀਆਂ ਚਾਬੀਆਂ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਗੁਰਦਾਸਪੁਰ ਸ. ਸਵਿੰਦਰ ਸਿੰਘ ਭਾਗੋਵਾਲੀਆਂ ਨੂੰ ਦੇਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਅੱਗੇ ਕਿਹਾ ਕਿ ਲੋਕ ਸੰਪਰਕ ਵਿਭਾਗ ਸਰਕਾਰ ਦਾ ਬਹੁਤ ਅਹਿਮ ਵਿਭਾਗ ਹੈ, ਜੋ ਲੋਕਾਂ ਅਤੇ ਸਰਕਾਰ ਵਿੱਚ ਇੱਕ ਕੜੀ ਦਾ (ਬਾਕੀ ਸਫਾ 2 'ਤੇ)



## ਆਰਥਿਕ ਮੰਦਹਾਲੀ ਤੋਂ ਦੁਖੀ ਕਿਸਾਨ ਵੱਲੋਂ ਖੁਦਕੁਸ਼ੀ

ਭਦੌੜ, 13 ਜੂਨ (ਰਾਕੇਸ਼ ਗਰਗ ਰੌਂਕੀ)-ਅੱਜ ਪਿੰਡ ਭਦੌੜ ਵਿਖੇ ਆਰਥਿਕ ਤੰਗੀ ਤੋਂ ਤੰਗ ਆ ਕੇ ਇੱਕ ਕਿਸਾਨ ਰਣਜੀਤ ਸਿੰਘ (34 ਸਾਲ) ਉਰਫ਼ ਚੀਨਾ ਵੱਲੋਂ ਛੱਤ ਵਾਲੇ ਪੱਖੇ ਨਾਲ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਰਣਜੀਤ ਸਿੰਘ ਜੋ ਕਿ ਕਾਫੀ ਲੰਮੇ ਸਮੇਂ ਤੋਂ ਮਾਨਸਿਕ ਤੌਰ 'ਤੇ ਤੰਗ ਪ੍ਰੇਸ਼ਾਨ ਰਹਿੰਦਾ ਸੀ। ਕਰਜ਼ੇ ਦੇ ਕਾਰਨ ਇਸ ਕਿਸਾਨ ਦੀ ਸਾਰੀ ਜ਼ਮੀਨ ਵਿਕ ਗਈ ਸੀ। ਇਸ ਕਿਸਾਨ ਨੇ ਪਹਿਲਾਂ ਵੀ ਇਕ ਵਾਰ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ ਪਰ ਬਚਾ ਲਿਆ ਗਿਆ ਸੀ। ਅੱਜ ਸਵੇਰੇ ਜਦੋਂ ਉਸਦੀ ਪਤਨੀ ਉਠੀ ਤਾਂ ਕਮਰੇ ਦਾ ਦਰਵਾਜ਼ਾ ਅੰਦਰੋਂ ਬੰਦ ਸੀ। ਜਦੋਂ ਉਸਨੇ ਧੱਕੇ ਮਾਰ ਕੇ ਦਰਵਾਜ਼ਾ ਖੋਲ੍ਹਿਆ ਤਾਂ ਰਣਜੀਤ ਸਿੰਘ ਉਰਫ਼ ਚੀਨਾ ਛੱਤ ਵਾਲੇ ਪੱਖੇ ਦੀ ਹੁੱਕ ਨਾਲ ਲਟਕ ਰਿਹਾ ਸੀ। ਉਸਦੀ ਪਤਨੀ ਦੇ ਰੌਲਾ ਪਾਉਣ 'ਤੇ ਗੁਆਂਢੀਆਂ ਨੇ ਉਸਨੂੰ ਪੱਖੇ ਨਾਲੋਂ ਹੇਠਾਂ ਲਾਇਆ। ਮ੍ਰਿਤਕ ਕਿਸਾਨ ਆਪਣੇ ਪਿੱਛੇ ਆਪਣੇ ਦੋ ਲੜਕੇ ਤੇ ਆਪਣੀ ਪਤਨੀ ਛੱਡ ਗਿਆ ਹੈ। ਕੁਝ ਕੁ ਸਾਲ ਪਹਿਲਾਂ ਮ੍ਰਿਤਕਾਂ ਦੇ ਪਿਤਾ ਵੱਲੋਂ ਵੀ ਕਰਜ਼ੇ ਕਾਰਨ ਖੁਦਕੁਸ਼ੀ ਕਰ ਲਈ ਸੀ। ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੇ ਬਲਾਕ ਪ੍ਰਧਾਨ ਨਿਰਮਲ ਸਿੰਘ ਭਦੌੜ ਅਤੇ ਕਿਸਾਨ ਆਗੂ ਗੁਰਨਾਮ (ਬਾਕੀ ਸਫਾ 2 'ਤੇ)

## ਪ੍ਰਧਾਨ ਮੰਤਰੀ ਗਰਾਮ ਸੜਕ ਯੋਜਨਾ ਨਿਰਮਾਣ 'ਚ ਬੇਨਿਯਮੀਆਂ ਖਿਲਾਫ 15 ਰਾਜਾਂ ਵਿਰੁੱਧ ਲਿਆ ਨੋਟਿਸ

ਚੰਡੀਗੜ੍ਹ, 13 ਜੂਨ (ਹਰੀਸ਼ ਚੰਦਰ ਬਾਗਾਂਵਾਲਾ)-ਕੇਂਦਰ ਸਰਕਾਰ ਨੇ ਪ੍ਰਧਾਨ ਮੰਤਰੀ ਗਰਾਮ ਸੜਕ ਯੋਜਨਾ ਵਿੱਚ ਗੜਬੜੀ ਕਰਨ ਤੇ ਬੇਨਿਯਮੀਆਂ ਹੋਣ ਦੀਆਂ ਮਿਲੀਆਂ ਵਾਰ ਵਾਰ ਸ਼ਿਕਾਇਤਾਂ 'ਤੇ 15 ਰਾਜਾਂ ਉੱਤੇ ਸਖਤ ਤੇ ਗੰਭੀਰ ਨੋਟਿਸ ਲਿਆ ਹੈ। ਵੱਖ-ਵੱਖ ਰਾਜਾਂ ਤੇ ਇਸ ਯੋਜਨਾ ਸੰਬੰਧੀ ਰਿਪੋਰਟਾਂ ਮਿਲੀਆਂ ਹਨ, ਉਨ੍ਹਾਂ ਦੇ ਆਧਾਰ 'ਤੇ ਪੇਂਡੂ ਯੋਜਨਾ ਸੰਬੰਧੀ ਜੋ ਰਿਪੋਰਟਾਂ ਮਿਲੀਆਂ ਹਨ, ਉਨ੍ਹਾਂ ਦੇ ਆਧਾਰ 'ਤੇ ਪੇਂਡੂ ਗਰਾਮ ਵਿਕਾਸ ਮੰਤਰਾਲੇ ਨੇ ਪੰਜਾਬ ਸਮੇਤ 15 ਰਾਜਾਂ ਨੂੰ ਚਿਤਾਵਨੀ ਦਿੱਤੀ ਹੈ ਕਿ ਉਹ ਸੜਕਾਂ ਦੇ ਨਿਰਮਾਣ ਵਿੱਚ ਜੋ ਬੇਨਿਯਮੀਆਂ ਤੇ ਗੜਬੜ ਪਾਈ ਹੈ, ਉਸ ਨੂੰ ਤੁਰੰਤ ਦਰੁਸਤ ਕਰਨ, ਨਹੀਂ ਤਾਂ ਇਸ ਯੋਜਨਾ ਤਹਿਤ ਜੋ ਰਾਸ਼ੀ ਰਾਜਾਂ ਨੂੰ ਦਿੱਤੀ ਗਈ ਹੈ, ਉਹ ਸਹਾਇਤਾ ਰਾਸ਼ੀ ਵਾਪਸ ਕਰਨੀ ਪੈ ਸਕਦੀ ਹੈ। ਪੇਂਡੂ ਗ੍ਰਾਮੀਣ ਮੰਤਰਾਲੇ ਨੇ ਇਹ ਚਿਤਾਵਨੀ ਵੱਖ-ਵੱਖ ਰਾਜਾਂ ਵਿੱਚ 61 ਸੜਕਾਂ ਦੇ ਕੁੱਲ 334 ਕਿਲੋਮੀਟਰ ਹਿੱਸੇ ਦੇ ਨਿਰਮਾਣ ਦੇ ਮਾਮਲੇ (ਬਾਕੀ ਸਫਾ 2 'ਤੇ)

## ਸਰਬ ਸਿੱਖਿਆ ਅਭਿਆਨ ਵਿਭਾਗ ਹਰਕਤ ਵਿੱਚ

### ਅਧਿਆਪਕਾਂ ਨੂੰ ਕਾਰਨ ਦੱਸੋ ਨੋਟਿਸ

ਚੰਡੀਗੜ੍ਹ, 13 ਜੂਨ (ਹਰੀਸ਼ ਚੰਦਰ ਬਾਗਾਂਵਾਲਾ)-ਸਰਬ-ਸਿੱਖਿਆ ਅਭਿਆਨ ਪੰਜਾਬ ਵੱਲੋਂ ਰਾਸ਼ਟਰੀ ਮਿਡਲ ਸਿੱਖਿਆ ਮੁਹਿੰਮ ਦੇ ਤਹਿਤ ਫਿਜੀਕਲ ਐਜੂਕੇਸ਼ਨ ਅਧਿਆਪਕਾਂ ਦੀ ਕੀਤੀ ਗਈ ਭਰਤੀ ਤੋਂ ਕੁਝ ਉਮੀਦਵਾਰਾਂ ਵੱਲੋਂ ਫਰਜ਼ੀ ਨੰਬਰ ਦਿਖਾ ਕੇ ਨਿਯੁਕਤੀ ਪੱਤਰ ਪਾਉਣ ਦੇ ਮਾਮਲੇ ਦੀ ਜਾਂਚ ਦੇ ਆਦੇਸ਼ ਦਿੱਤੇ ਹਨ। ਇਹ ਫਰਜ਼ੀ ਨੰਬਰਾਂ ਦਾ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਸਰਬ ਸਿੱਖਿਆ ਅਭਿਆਨ ਵਿਭਾਗ ਹਰਕਤ ਵਿੱਚ ਆ ਗਿਆ ਹੈ। ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ ਸ੍ਰੀ ਕ੍ਰਿਸ਼ਨ ਕੁਮਾਰ ਆਈ.ਏ.ਐੱਸ. ਨੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਇਨ੍ਹਾਂ ਫਰਜ਼ੀ ਨੰਬਰਾਂ ਵਾਲੇ ਅਧਿਆਪਕਾਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਹਨ, ਜਿਸ ਵਿੱਚ ਕਿਹਾ ਹੈ ਕਿ ਅਧਿਆਪਕ ਆਪਣੇ 10 ਦਿਨਾਂ ਦੇ ਅੰਦਰ-ਅੰਦਰ ਆਪਣੇ ਅਸਲ ਸਰਟੀਫਿਕੇਟ ਵਿਭਾਗ ਨੂੰ (ਬਾਕੀ ਸਫਾ 2 'ਤੇ)

## ਜਵੱਦੀ ਟਕਸਾਲ ਵਿਖੇ ਗੁਰਮਤਿ ਸੰਗੀਤ ਵਰਕਸ਼ਾਪ ਸੰਪਨ

### ਗੁਰਮਤਿ ਸੰਗੀਤ ਦੇ ਪ੍ਰਚਾਰ ਲਹਿਰ ਨੂੰ ਹੋਰ ਪ੍ਰਚੰਡ ਕੀਤਾ ਜਾਵੇਗਾ-ਸੰਤ ਬਾਬਾ ਅਮਰ ਸਿੰਘ

ਲੁਧਿਆਣਾ, 13 ਜੂਨ (ਰਾਜ ਜੋਸ਼ੀ)-ਜਵੱਦੀ ਟਕਸਾਲ (ਲੁਧਿਆਣਾ) ਪਿੱਛਲੇ ਤਿੰਨ ਦਿਨਾਂ ਤੋਂ ਗੁਰਦੁਆਰਾ ਗੁਰਗਿਆਨ ਪ੍ਰਕਾਸ਼ ਜਵੱਦੀ ਟਕਸਾਲ ਲੁਧਿਆਣਾ ਵਿਖੇ ਚੱਲ ਰਹੀ ਗੁਰਮਤਿ ਸੰਗਤੀ ਵਰਕਸ਼ਾਪ ਗੁਰੂ ਦੇ ਆਸ਼ੇ ਅਨੁਸਾਰ ਨਿਰਧਾਰਤ ਰਾਗਾਂ ਵਿੱਚ ਬਾਣੀ ਗਾਇਨ ਦਾ ਸੱਦਾ ਦਿੰਦੀ ਸੰਪੂਰਨ ਹੋ ਗਈ। ਸਮਾਪਤੀ ਸਮਾਗਮ ਨੂੰ ਸੰਬੋਧਨ ਕਰਦਿਆਂ ਜਵੱਦੀ ਟਕਸਾਲ ਦੇ ਮੁਖੀ ਸੰਤ ਗਿਆਨੀ ਅਮੀਰ ਸਿੰਘ ਜੀ ਨੇ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਗੁਰਮਤਿ ਸੰਗੀਤ ਮਹੱਤਵਪੂਰਨ ਰੋਲ ਅਦਾ ਕਰ ਸਕਦਾ ਹੈ। ਨਿਰਧਾਰਤ ਰਾਗਾਂ ਵਿੱਚ ਕੀਤਾ ਗਿਆ ਕੀਰਤਨ ਆਤਮਿਕ ਭੁੱਖ ਦੂਰ ਕਰਦਾ ਹੈ। ਉਨ੍ਹਾਂ ਕਿਹਾ ਕਿ ਜਵੱਦੀ ਟਕਸਾਲ ਗੁਰਮਤਿ ਸੰਗੀਤ ਦੇ ਪ੍ਰਚਾਰ ਦੀ ਲਹਿਰ ਨੂੰ ਹੋਰ ਪ੍ਰਚੰਡ ਕਰੇਗੀ। ਇਸ ਉਪਰਾਲੇ ਅਧੀਨ ਭਵਿੱਖ ਵਿੱਚ ਸੰਸਾਰ ਪ੍ਰਸਿੱਧ ਤਬਲਾ ਵਾਦਕ ਉਸਤਾਦ ਜਾਕਿਰ ਹੁਸੈਨ ਨੂੰ ਗੁਰਮਤਿ ਸੰਗੀਤ ਵਰਕਸ਼ਾਪ ਵਿੱਚ ਵਿਦਿਆਰਥੀਆਂ ਰੂ-ਬ-ਰੂ ਕੀਤਾ ਜਾਵੇਗਾ। ਇਸ ਮੌਕੇ ਵਰਕਸ਼ਾਪ ਦੌਰਾਨ ਵਿਦਿਆਰਥੀਆਂ ਨੂੰ ਸੰਗੀਤ ਦੀ ਸਿੱਖਿਆ ਦੇਣ ਵਾਲੇ ਉਸਤਾਦ ਸਾਹਿਬਾਨ ਸੁਸ਼ੀਲ ਕੁਮਾਰ ਜੈਨ ਪ੍ਰੋ. ਇੰਦਰਜੀਤ ਸਿੰਘ ਬਿੰਦੂ ਜਲੰਧਰ ਨੇ ਤੰਤੀਸਾਜ ਪ੍ਰੋ. ਕੰਵਰਦੀਪ ਸਿੰਘ ਜਲੰਧਰ, ਉੱਘੇ ਸੰਗੀਤਕਾਰ ਸ. ਰਵਿੰਦਰ ਸਿੰਘ. ਪ੍ਰੋ. ਪਰਮਜੋਤ ਸਿੰਘ, ਪ੍ਰੋ. ਗੁਰਿੰਦਰ ਸਿੰਘ ਬਟਾਲਾ, ਪ੍ਰੋ. ਹਰਕਿਰਤ ਕੌਰ, ਪ੍ਰੋ. ਚਰਨਜੀਤ ਕੌਰ ਗਾਇਨ ਤੇ (ਬਾਕੀ ਸਫਾ 2 'ਤੇ)




## ਧਾਰਮਿਕ ਤੇ ਵਿਰਾਸਤੀ ਸੈਰ ਸਪਾਟੇ ਨੂੰ ਉਤਸ਼ਾਹਤ ਕਰਨ ਲਈ ਏਸ਼ੀਅਨ ਡਿਵੈਲਪਮੈਂਟ ਬੈਂਕ ਨਾਲ 550 ਕਰੋੜ ਦਾ ਸਮਝੌਤਾ

ਅੰਮ੍ਰਿਤਸਰ, 13 ਜੂਨ (ਮੋਤਾ ਸਿੰਘ)- ਪ੍ਰਾਹੁਣਚਾਰੀ ਖੇਤਰ ਵਿੱਚ ਨਿੱਜੀ ਨਿਵੇਸ਼ਕਾਂ ਦੇ ਉਦਮਾਂ ਨਾਲ ਸਰਕਾਰ ਦੇ ਸੈਰ ਸਪਾਟਾ ਉਤਸ਼ਾਹਤ ਕਰਨ ਦੇ ਉਪਰਾਲਿਆਂ ਨੂੰ ਹੁਲਾਰਾ ਮਿਲੇਗਾ। ਇਹ ਪ੍ਰਗਟਾਵਾ ਸ੍ਰ ਪਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ ਪੰਜਾਬ ਨੇ ਅੱਜ ਅੰਮ੍ਰਿਤਸਰ ਵਿਖੇ ਚਾਰ ਸਿਤਾਰਾ ਸੁਵਿਧਾਵਾਂ ਨਾਲ ਲੈਸ ਹੋਟਲ ਐਚ:ਕੇ:ਕਲਾਰਕਸ ਇਨ ਦੇ ਉਦਘਾਟਨ ਉਪਰੰਤ ਆਪਣੇ ਸੰਬੋਧਨ ਵਿੱਚ ਕੀਤਾ। ਸ੍ਰ ਬਾਦਲ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਵਿੱਚ ਸੈਰ ਸਪਾਟਾ ਉਦਯੋਗ ਪ੍ਰਫੁੱਲਤ ਕਰਨ ਲਈ ਵਿਸੇਸ਼ ਉਪਰਾਲੇ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਸੂਬੇ ਵਿੱਚ ਧਾਰਮਿਕ ਤੇ ਵਿਰਾਸਤੀ ਸੈਰ ਸਪਾਟੇ ਨੂੰ ਉਤਸ਼ਾਹਤ ਕਰਨ ਲਈ ਪੰਜਾਬ ਸਰਕਾਰ ਨੇ ਏਸ਼ੀਅਨ ਡਿਵੈਲਪਮੈਂਟ ਬੈਂਕ ਦੇ ਨਾਲ ਇਕ ਵਿਸ਼ੇਸ਼ ਸਮਝੌਤਾ ਕੀਤਾ ਹੈ, ਜਿਸ ਦੇ ਤਹਿਤ ਤਕਰੀਬਨ 550 ਕਰੋੜ ਰੁਪਏ ਦੀ ਲਾਗਤ ਨਾਲ ਸੂਬੇ ਵਿੱਚ ਸੈਰ ਸਪਾਟਾ ਉਤਸ਼ਾਹਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਸੈਰ ਸਪਾਟਾ ਉਦਯੋਗ ਨੂੰ ਉਤਸ਼ਾਹਤ ਕਰਨ ਦੀ ਸਮਰਥਾ ਹੈ ਅਤੇ ਵੱਡੇ ਨਿਵੇਸ਼ ਰਾਹੀਂ ਇਸ ਨੂੰ ਹੁਲਾਰਾ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸੈਰ ਸਪਾਟਾ ਉਤਸ਼ਾਹਤ ਕਰਨ ਲਈ ਪ੍ਰਾਹੁਣਵਚਾਰੀ ਖੇਤਰ (ਹਾਸਪੀਟੈਲਟੀ ਸੈਕਟਰ) ਦੇ ਵਿਕਾਸ ਦੀ ਵੀ ਲੋੜ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਉਪਰਾਲਿਆਂ ਦੇ ਨਾਲ ਨਾਲ ਚੱਢਾ ਗਰੁੱਪ ਵਰਗੇ ਵੱਡੇ ਨਿਵੇਸ਼ਕਾਂ ਵੱਲੋਂ ਇਸ ਖੇਤਰ ਵਿੱਚ ਕਦਮ ਰੱਖਣ ਨਾਲ ਸਰਕਾਰ ਦੀਆਂ ਕੋਸ਼ਿਸਾਂ ਨੂੰ ਮਜਬੂਤੀ ਮਿਲੇਗੀ ਅਤੇ ਸੂਬੇ ਵਿੱਚ ਸੈਰ ਸਪਾਟਾ ਉਦਯੋਗ ਵਧੇ ਫੁੱਲੇਗਾ। ਸ੍ਰ ਬਾਦਲ ਨੇ ਦੱਸਿਆ ਕਿ ਸੈਰ ਸਪਾਟਾ ਵਿਭਾਗ ਪੰਜਾਬ ਨੇ ਸੈਰ ਸਪਾਟੇ ਨੂੰ ਉਤਸ਼ਾਹਤ ਕਰਨ ਲਈ ਇਕ ਨਵਾਂ ਪ੍ਰਾਜੈਕਟ ਉਲੀਕਿਆ ਹੈ ਜਿਸ ਦੇ ਤਹਿਤ ਵਿਰਾਸਤੀ ਸਥਾਨਾਂ ਦੀ ਸ਼ਨਾਖਤ ਕੀਤੀ ਗਈ ਹੈ ਅਤੇ ਉਨ੍ਹਾਂ ਨੂੰ ਸੈਰ ਸਪਾਟਾ ਥਾਵਾਂ ਵਜੋਂ ਉਤਸ਼ਾਹਤ ਕੀਤਾ ਜਾਵੇਗਾ ਤਾਂ ਜੋ ਜਿਥੇ ਸਾਡੀ ਨੌਜਵਾਨ ਪੀੜ੍ਹੀ ਨੂੰ ਆਪਣੇ ਅਮੀਰ ਵਿਰਸੇ ਬਾਰੇ ਜਾਣਕਾਰੀ ਪ੍ਰਾਪਤ ਹੋਵੇਗੀ ਉਥੇ ਬਾਹਰੋਂ ਆਏ ਯਾਤਰੂਆਂ ਨੂੰ ਵੀ ਸਾਡੇ ਸਭਿਆਚਾਰ ਦੀ ਝਲਕ ਮਿਲ ਸਕੇਗੀ। ਉਨ੍ਹਾਂ ਦੱਸਿਆ ਕਿ ਇਸ ਪ੍ਰਾਜੈਕਟ ਤਹਿਤ ਮਾਝਾ, ਮਾਲਵਾ ਤੇ ਦੁਆਬੇ ਦੇ ਪੁਰਾਣੇ ਪੇਂਡੂ ਘਰਾਂ (ਹਵੇਲੀਆਂ) ਵਿੱਚ ਪੰਜਾਬ ਦੇ ਪੇਂਡੂ ਜੀਵਨ ਦੀ ਮੂੰਹ ਬੋਲਦੀ ਤਸਵੀਰ (ਬਾਕੀ ਸਫਾ 2 'ਤੇ)


(ਫੋਟੋ : ਹਰਜੀਤ ਸਿੰਘ)


